# ਭਾਈ ਮੱਖਣ ਸ਼ਾਹ

੧. ਭਾਈ ਮੱਖਣ ਸ਼ਾਹ ਇੱਕ ਵਪਾਰੀ ਸੀ।

੨. ਇੱਕ ਵਾਰ ਉਹ ਸਮੁੰਦਰ ਪਾਰ ਤੋਂ ਸਮਾਨ ਲੈ ਕੇ ਆ ਰਿਹਾ ਸੀ।

੩. ਰਸਤੇ ਵਿੱਚ ਬਹੁਤ ਭਾਰੀ ਤੁਫਾਨ ਆ ਗਿਆ।

੪. ਉਸਨੇ ਗੁਰੁ ਨਾਨਕ ਦੇਵ ਜੀ ਦਾ ਧਿਆਨ ਧਰ ਕੇ ਆਪਣੇ ਬਚਾਵ ਦੀ ਅਰਦਾਸ ਕੀਤੀ।

੫. ਉਸਨੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ੫੦੦ ਮੋਹਰਾਂ ਭੇਟ ਕਰਨ ਦੀ ਸੁੱਖਣਾ ਸੁੱਖੀ।

੬. ਗੁਰੁ ਜੀ ਨੇ ਉਸਦੀ ਅਰਦਾਸ ਸੁਣੀ ਅਤੇ ਜਹਾਜ ਨਹੀਂ ਡੁੱਬਿਆ ਤੇ ਉਹ ਠੀਕ-ਠਾਕ ਘਰ ਵਾਪਸ ਆ ਗਿਆ।

੭. ਵਾਪਸ ਆ ਕੇ ਉਸਨੇ ਨੋਵੇਂ ਗੁਰੁ ਬਾਰੇ ਪਤਾ ਕਰਨਾ ਸ਼ੁਰੂ ਕੀਤਾ।

੮. ਉਹ ਬਕਾਲੇ ਪਿੰਡ ਗਿਆ ਜਿੱਥੇ ੨੨ ਲੋਕ ਨਕਲੀ ਗੁਰੁ ਬਣ ਕੇ ਬੈਠੇ ਸਨ।

੯. ਉਸਨੇ ਸੋਚਿਆ ਅਸਲੀ ਗੁਰੁ ਆਪੇ ਮੇਰੀ ਅਰਦਾਸ ਬਾਰੇ ਦੱਸੇਗਾ। ਉਸਨੇ ਸਾਰੇ ਗੁਰੂਆਂ ਨੂੰ ੨-੨ ਮੋਹਰਾਂ ਨਾਲ ਮੱਥਾ ਟੇਕਿਆ ਪਰ ਕਿਸੇ ਨੇ ਉਸਦੀ ਸੁੱਖਣਾ ਬਾਰੇ ਨਹੀਂ ਦੱਸਿਆ।

੧੦. ਜਦੋਂ ਉਹ ਵਾਪਸ ਜਾਣ ਲੱਗਾ ਤਾਂ ਉਸਨੂੰ ਤੇਗ ਬਹਾਦਰ ਜੀ ਬਾਰੇ ਪਤਾ ਲੱਗਾ।

੧੧. ਉਸਨੇ ਗੁਰੁ ਜੀ ਨੂੰ ੨ ਮੋਹਰਾਂ ਨਾਲ ਮੱਥਾ ਟੇਕਿਆ ਪਰ ਗੁਰੁ ਜੀ ਨੇ ਉਸ ਕੋਲੋਂ ੫੦੦ ਮੁਹਰਾਂ ਦੀ ਮੰਗ ਕਰ ਲਈ।

੧੨. ਮੱਖਣ ਸ਼ਾਹ ਨੂੰ ਇਹ ਸੁਣ ਕੇ ਚਾਅ ਚੜ੍ਹ ਗਿਆ ਅਤੇ ਉਸਨੇ ਕੋਠੇ ਤੇ ਚੜ੍ਹ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ—ਗੁਰੂ ਲਾਧੋ ਰੇ—ਭਾਵ ਮੈਂ ਸੱਚਾ ਗੁਰੁ ਲਭ ਲਿਆ ਹੈ